P0
1

ੴ

# ਗੁਰੂ ਸਾਹਿਬਾਂ ਦੀਆਂ ਨਕਲੀ ਤਸਵੀਰਾਂ ਭੇਜਣ ਵਾਲੇ ਗੁਰਬਾਣੀ ਦੇ ਗੱਦਾਰ ਹਨ

## Those who send the fake photographs of Guru Sahibs are Traitors of Gurbani

**ਗੁਰਬਾਣੀ ਤਾਂ ਸਾਨੂੰ ਸਿਖਿਆਂ ਦੇਂਦੀ ਹੈ**

**ਗੁਰਸਿਖ ਮੀਤ ਚਲਹੁ ਗੁਰ ਚਾਲੀ ॥ ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ** ॥੧॥ ਰਹਾਉ ॥ (੬੬੭, ੬੬੮)

**ਗੁਰਬਾਣੀ ਸਾਨੂੰ ਆਤਮਿਕ ਮੌਤ ਤੋਂ ਬਚਣ ਲਈ ਚਿਤਾਵਨੀ ਦੇਂਦੀ ਹੈ**

**ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ ॥ ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ ॥੧॥ ਮਨ ਰੇ ਸੰਸਾਰੁ ਅੰਧ ਗਹੇਰਾ ॥ ਚਹੁ ਦਿਸ ਪਸਰਿਓ ਹੈ ਜਮ ਜੇਵਰਾ** ॥੧॥ ਰਹਾਉ ॥ (੬੫੪)

**ਗੁਰਬਾਣੀ ਅਨੁਸਾਰ ਗੁਰੂ ਦਾ ਸ਼ਬਦ ਹੀ ਗੁਰੂ ਦੀ ਮੂਰਤੀ ਹੈ, ਇਸ ਲਈ ਗੁਰਬਾਣੀ ਨੂੰ ਪੜ੍ਹੋ, ਸਮਝੋ ਤੇ ਅਮਲੀ ਜੀਵਨ ਵਿਚ ਅਪਨਾਓ**

**ਨਕਲੀ ਤਸਵੀਰਾਂ ਭੇਜਣ ਵਾਲੇ ਗੱਦਾਰਾਂ ਤੋਂ ਬਚ ਕੇ ਰਹੋ**

**Web = https://gurmat-research.com/**
**http://www.geocities.ws/sarbjitsingh/**
**http://www.sikhmarg.com/article-dr-sarbjit.html**
**https://sikhwisdom.org/profile/sarbjitsingh/answers/**

P02Gur

# ਗੁਰੂ ਗਰੰਥ ਸਾਹਿਬ ਅਨੁਸਾਰ ਕਿਸੇ ਤਰ੍ਹਾਂ ਦੀ ਤਸਵੀਰ ਜਾਂ ਬੁਤ ਦੀ ਪੂਜਾ ਪ੍ਰਵਾਨ ਨਹੀਂ ਹੈ

## Picture or Idol worship is prohibited according to Guru Granth Sahib?

ਗੁਰੂ ਸਾਹਿਬਾਂ ਦੀਆਂ ਸਾਰੀਆਂ ਫੋਟੂਆਂ ਨਕਲੀ ਹਨ, ਸਾਨੂੰ ਨਕਲੀ ਫੋਟੂਆਂ ਦੇ ਵਿਰੁਧ ਪ੍ਰਚਾਰ ਕਰਨਾ ਚਾਹੀਦਾ ਹੈ, ਨਾ ਆਪ ਗੁਮਰਾਹ ਹੋਵੇ ਤੇ ਨਾ ਹੀ ਦੂਸਰਿਆਂ ਨੂੰ ਗੁਮਰਾਹ ਕਰੋ, ਨਕਲੀ ਫੋਟੂਆਂ ਨੂੰ ਹੋਰਨਾ ਨੂੰ ਅੱਗੇ ਭੇਜ ਕੇ ਝੂਠ ਦਾ ਪ੍ਰਚਾਰ ਨਾ ਕਰੋ, ਗੁਰਬਾਣੀ ਅਨੁਸਾਰ ਗੁਰੂ ਦਾ ਸ਼ਬਦ ਹੀ ਗੁਰੂ ਦੀ ਮੂਰਤੀ ਹੈ, ਇਸ ਲਈ ਗੁਰਬਾਣੀ ਨੂੰ ਪੜ੍ਹੋ, ਸਮਝੋ ਤੇ ਅਮਲੀ ਜੀਵਨ ਵਿਚ ਅਪਨਾਓ

ਗੋਂਡ ਮਹਲਾ ੫ ॥ ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥ ਗੁਰ ਕੇ ਚਰਨ ਰਿਦੈ ਲੈ ਧਾਰਉ ॥ ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥੧॥ ਮਤ ਕੋ ਭਰਮਿ ਭੁਲੈ ਸੰਸਾਰਿ ॥ ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥੧॥ ਰਹਾਉ ॥ (੮੬੪)

ਗੁਰੂ ਅਰਜਨ ਸਾਹਿਬ ਸਮਝਾਂਦੇ ਹਨ ਕਿ, ਮੈਂ ਤਾਂ ਗੁਰੂ ਨੂੰ ਅਕਾਲ ਪੁਰਖੁ ਦਾ ਰੂਪ ਜਾਣ ਕੇ ਉਸ ਨੂੰ ਸਦਾ ਨਮਸਕਾਰ ਕਰਦਾ ਹਾਂ, ਗੁਰੂ ਦੇ ਚਰਨ ਆਪਣੇ ਹਿਰਦੇ ਵਿਚ ਲੈ ਕੇ ਵਸਾਈ ਰੱਖਦਾ ਹਾਂ। ਗੁਰੂ ਦੇ ਸ਼ਬਦ ਦੁਆਰਾ ਮੇਰਾ ਮਨ ਅਕਾਲ ਪੁਰਖੁ ਦੇ ਨਾਮੁ ਨੂੰ ਸਭ ਮੰਤ੍ਰਾਂ ਤੋਂ ਸ੍ਰੇਸ਼ਟ ਮੰਤ੍ਰ ਮੰਨਦਾ ਹੈ। ਮੇਰੇ ਲਈ ਗੁਰੂ ਦਾ ਸ਼ਬਦ ਹੀ ਗੁਰੂ ਦੀ ਮੂਰਤੀ ਹੈ, ਸਬਦ ਗੁਰੂ ਦੀ ਇਸ ਮੂਰਤੀ ਦਾ ਮੇਰੇ ਮਨ ਵਿਚ ਧਿਆਨ ਟਿਕਿਆ ਰਹਿੰਦਾ ਹੈ। ਦੁਨੀਆ ਵਿਚ ਕਿਤੇ ਕੋਈ ਮਨੁੱਖ ਭਟਕਣਾ ਵਿਚ ਪੈ ਕੇ ਇਹ ਗੱਲ ਨਾ ਭੁੱਲ ਜਾਏ, ਕਿ ਗੁਰੂ ਤੋਂ ਬਿਨਾ ਕੋਈ ਭੀ ਜੀਵ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਨਹੀਂ ਲੰਘ ਸਕਦਾ ਹੈ।

ਗੁਰੂ ਗਰੰਥ ਸਾਹਿਬ ਅਨੁਸਾਰ ਅਕਾਲ ਪੁਰਖੁ, "ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥" ਹੈ, ਜਿਹੜਾ ਸਾਰਿਆਂ ਵਿਚ ਤੇ ਹਰੇਕ ਥਾਂ ਤੇ ਵਸ ਰਿਹਾ ਹੈ। ਉਸ ਨੂੰ ਕਿਸੇ ਤਸਵੀਰ ਜਾਂ ਬੁਤ ਤਕ ਸੀਮਿਤ ਨਹੀਂ ਕੀਤਾ ਜਾ ਸਕਦਾ, ਇਸ ਲਈ ਕਿਸੇ ਤਰ੍ਹਾਂ ਦੀ ਤਸਵੀਰ ਜਾਂ ਬੁਤ ਦੀ ਪੂਜਾ ਗੁਰਬਾਣੀ ਅਨੁਸਾਰ ਪ੍ਰਵਾਨ ਨਹੀਂ ਹੈ।

ਗੁਰੂ ਅਰਜਨ ਸਾਹਿਬ ਸਮਝਾਂਦੇ ਹਨ, ਕਿ ਜਿਹੜੇ ਮਨੁੱਖ ਪੱਥਰ ਦੀ ਮੂਰਤੀ ਨੂੰ ਪ੍ਰਭੂ ਆਖਦੇ ਹਨ, ਉਨ੍ਹਾਂ ਦੀ ਕੀਤੀ ਸੇਵਾ ਵਿਅਰਥ ਜਾਂਦੀ ਹੈ। ਜਿਹੜੇ ਮਨੁੱਖ ਪੱਥਰ ਦੀ ਮੂਰਤੀ ਦੇ ਪੈਰੀਂ ਪੈਂਦੇ ਹਨ, ਉਨ੍ਹਾਂ ਦੀ ਮਿਹਨਤ ਅਜਾਈਂ ਚਲੀ ਜਾਂਦੀ ਹੈ। ਸਾਡਾ ਠਾਕੁਰ ਸਦਾ ਬੋਲਦਾ ਹੈ, ਉਹ ਅਕਾਲ ਪੁਰਖੁ ਸਾਰੇ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈ।

ਮਹਲਾ ੫ ॥ ਜੋ ਪਾਥਰ ਕਉ ਕਹਤੇ ਦੇਵ ॥ ਤਾ ਕੀ ਬਿਰਥਾ ਹੋਵੈ ਸੇਵ ॥ ਜੋ ਪਾਥਰ ਕੀ ਪਾਂਈ ਪਾਇ ॥ ਤਿਸ ਕੀ ਘਾਲ ਅਜਾਂਈ ਜਾਇ ॥੧॥ ਠਾਕੁਰੁ ਹਮਰਾ ਸਦ ਬੋਲੰਤਾ ॥ ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ ॥੧॥ ਰਹਾਉ ॥ (੧੧੬੦)

ਅਜੀਬ ਗੱਲ ਹੈ, ਕਿ ਇਕ ਪੱਥਰ ਨੂੰ ਦੇਵਤਾ ਬਣਾ ਕੇ ਉਸ ਨਾਲ ਪਿਆਰ ਕੀਤਾ ਜਾਂਦਾ ਹੈ ਤੇ ਦੂਜੇ ਪੱਥਰਾਂ ਉੱਤੇ ਪੈਰ ਧਰਿਆ ਜਾਂਦਾ ਹੈ। ਜੇ ਉਹ ਪੱਥਰ ਜਿਸ ਦੀ ਪੂਜਾ ਕੀਤੀ ਜਾਂਦੀ ਹੈ, ਦੇਵਤਾ ਹੈ ਤਾਂ ਦੂਜਾ ਪੱਥਰ ਭੀ ਦੇਵਤਾ ਹੈ, ਉਸ ਨੂੰ ਕਿਉਂ ਪੈਰਾਂ ਹੇਠ ਲਤਾੜਿਆ ਜਾਂਦਾ ਹੈ? ਨਾਮਦੇਉ ਜੀ ਸਮਝਾਂਦੇ ਹਨ, ਕਿ ਅਸੀਂ ਕਿਸੇ ਪੱਥਰ ਨੂੰ ਦੇਵਤਾ ਥਾਪ ਕੇ ਉਸ ਦੀ ਪੂਜਾ ਕਰਨ ਨੂੰ ਤਿਆਰ ਨਹੀਂ ਹਾਂ, ਅਸੀਂ ਤਾਂ ਅਕਾਲ ਪੁਰਖੁ ਦੀ ਬੰਦਗੀ ਕਰਦੇ ਹਾਂ।

ਏਕੈ ਪਾਥਰ ਕੀਜੈ ਭਾਉ ॥ ਦੂਜੈ ਪਾਥਰ ਧਰੀਐ ਪਾਉ ॥ ਜੇ ਓਹੁ ਦੇਉ ਤ ਓਹੁ ਭੀ ਦੇਵਾ ॥ ਕਹਿ ਨਾਮਦੇਉ ਹਮ ਹਰਿ ਕੀ ਸੇਵਾ ॥੪॥੧॥ (੫੨੫)

ਜੇਕਰ ਗੁਰੂ ਗਰੰਥ ਸਾਹਿਬ ਅਨੁਸਾਰ ਕਿਸੇ ਬੁਤ ਦੀ ਪੂਜਾ ਪ੍ਰਵਾਨ ਨਹੀਂ ਤਾਂ ਕਿਸੇ ਤਰ੍ਹਾਂ ਦੀ ਭੇਜੀ ਹੋਈ ਤਸਵੀਰ ਜਾਂ ਫੋਟੋ ਕਿਸ ਤਰ੍ਹਾਂ ਪ੍ਰਵਾਨ ਹੋ ਸਕਦੀ ਹੈ। ਜੁੜਨਾਂ ਤਾਂ ਗੁਰੂ ਦੇ ਸ਼ਬਦ ਨਾਲ ਸੀ, ਪਰੰਤੂ ਅੱਜਕਲ ਕਈ ਲੋਕ, ਗੁਰੂ ਸਾਹਿਬਾਂ ਦੀਆਂ ਨਕਲੀ ਤੇ ਮਨਘੜਤ ਤਸਵੀਰਾਂ ਨਾਲ ਜੁੜ ਰਹੇ ਹਨ। ਕਿਸੇ ਨੂੰ ਗੁੱਡ ਮੋਰਨਿੰਗ ਨਾਲ ਨਕਲੀ ਤਸਵੀਰ ਭੇਜਣ ਨਾਲ ਕੁਝ ਨਹੀਂ ਹੋਣਾ ਹੈ। ਆਪ ਗੁਰਬਾਣੀ ਨੂੰ ਸਮਝਣਾਂ ਹੈ, ਜੀਵਨ ਵਿਚ ਅਪਨਾਉਂਣਾਂ ਹੈ ਤੇ ਦੂਸਰਿਆਂ ਨਾਲ ਸਾਂਝਾ ਕਰਨਾ ਹੈ।

ਸਾਨੂੰ ਨਕਲੀ ਫੋਟੂਆਂ ਦਾ ਪ੍ਰਚਾਰ ਬੰਦ ਕਰਨਾ ਚਾਹੀਦਾ ਹੈ। ਇਸ ਨਾਲ ਅਸੀਂ ਆਪ ਵੀ ਗੁਮਰਾਹ ਹੋ ਰਹੇ ਹਾਂ ਤੇ ਦੂਸਰਿਆਂ ਦਾ ਸਮਾਂ ਵੀ ਬਰਬਾਦ ਕਰ ਰਹੇ ਹਾਂ।

**Web = https://gurmat-research.com/**
https://www.geocities.ws/sarbjitsingh/
http://www.sikhmarg.com/article-dr-sarbjit.html
https://sikhwisdom.org/profile/sarbjitsingh/answers/

P0
3E
ng

# Picture or Idol worship is prohibited according to Guru Granth Sahib?

## ਗੁਰੂ ਗਰੰਥ ਸਾਹਿਬ ਅਨੁਸਾਰ ਕਿਸੇ ਤਰ੍ਹਾਂ ਦੀ ਤਸਵੀਰ ਜਾਂ ਬੁਤ ਦੀ ਪੂਜਾ ਪ੍ਰਵਾਨ ਨਹੀਂ ਹੈ

**All the photographs of Guru Sahibs being forwarded are fake. We must stop promoting fake photographs. Neither we should mislead ourselves and nor waste the time of others.**

**ਗੋਂਡ ਮਹਲਾ ੫ ॥ ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥ ਗੁਰ ਕੇ ਚਰਨ ਰਿਦੈ ਲੈ ਧਾਰਉ ॥ ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥੧॥ ਮਤ ਕੋ ਭਰਮਿ ਭੁਲੈ ਸੰਸਾਰਿ ॥ ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥੧॥ ਰਹਾਉ ॥ (੮੬੪)**

**Guru Arjan Sahib explains that, knowing the Guru as the form of Akal Purakh, I always Greet him, keep the Guru's feet in my heart. Through the Guru's Shabad my mind considers the Naam of Akal Purakh to be the best of all Mantras. For me the Shabad of the Guru is the idol of the Guru, this idol of the Shabad Guru stays in my mind. Let no human being wander anywhere in the world and forget that without the Guru, no creature can cross the ocean of this world.**

**According to Guru Granth Sahib, Akal Purakh was True in the primal beginning, True throughout the ages, True in the present and will be True forever. Akal Purakh is dwelling in all and everywhere. He cannot be limited to any picture or idol, so worship of any kind of image or idol is not acceptable according to Gurbani.**

**Guru Arjan Sahib explains that the service rendered by those who call the stone idol God goes in vain. Those human beings who fall at the feet of the stone idol, their labour goes in vain. Our Thakur always speaks, that Akal Purakh is the bestower of gifts to all beings.**

**ਮਹਲਾ ੫ ॥ ਜੋ ਪਾਥਰ ਕਉ ਕਹਤੇ ਦੇਵ ॥ ਤਾ ਕੀ ਬਿਰਥਾ ਹੋਵੈ ਸੇਵ ॥ ਜੋ ਪਾਥਰ ਕੀ ਪਾਂਈ ਪਾਇ ॥ ਤਿਸ ਕੀ ਘਾਲ ਅਜਾਂਈ ਜਾਇ ॥੧॥ ਠਾਕੁਰੁ ਹਮਰਾ ਸਦ ਬੋਲੰਤਾ ॥ ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ ॥੧॥ ਰਹਾਉ ॥ (੧੧੬੦)**

**Oddly enough, one stone is worshiped as a deity and the other is set foot on it. If the stone that is worshiped is a God, then the other stone is also a God. Why is it trampled underfoot? Namdeo Ji explains that we are not ready to worship any stone as a deity, we do worship the everlasting Akal Purakh.**

**ਏਕੈ ਪਾਥਰ ਕੀਜੈ ਭਾਉ ॥ ਦੂਜੈ ਪਾਥਰ ਧਰੀਐ ਪਾਉ ॥ ਜੇ ਓਹੁ ਦੇਉ ਤ ਓਹੁ ਭੀ ਦੇਵਾ ॥ ਕਹਿ ਨਾਮਦੇਉ ਹਮ ਹਰਿ ਕੀ ਸੇਵਾ ॥੪॥੧॥ (੫੨੫)**

**If according to Guru Granth Sahib the worship of any idol is not acceptable then how can any kind of picture or photo be acceptable? A Sikh has to develop relation with the Shabad Guru. But nowadays many people are worshiping fake and fabricated pictures of Guru Sahibs. Sending someone a fake picture with Good Morning is not going to serve any purpose. We have to understand Gurbani, adopt it in our life and share it with others.**

**We must stop promoting fake photographs. We are also misleading ourselves and wasting the time of others.**

**Web = https://gurmat-research.com/
http://www.geocities.ws/sarbjitsingh/
http://www.sikhmarg.com/article-dr-sarbjit.html
https://sikhwisdom.org/profile/sarbjitsingh/answers/**